## ਛੇਤੀ ਨਾਲ ਯਾਦ ਰੱਖਣ ਵਾਲੇ ਗੁਰ:

1. ਨਵਾਂ ਰੂਪ ਦੇਣ ਦੇ ਕੁਝ ਕਿਸਮਾਂ ਦੇ ਕੰਮ ਲਈ ਤੁਹਾਨੂੰ ਬਿਲਡਿੰਗ ਪਰਮਿਟ ਦੀ ਲੋੜ ਹੋ ਸਕਦੀ ਹੈ, ਇਸ ਕਰਕੇ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਆਪਣੇ ਸਿਟੀ ਜਾਂ ਟਾਉਨ ਹੱਲ ਤੋਂ ਪਤਾ ਕਰੋ।
2. ਜੇਕਰ ਤੁਸੀਂ ''ਆਪ-ਹੀ-ਇਹ ਕੰਮ'' ਕਰਨ ਲਈ ਕੁਆਲੀਫ਼ਾਈਡ ਨਹੀਂ ਹੋ, ਤਾਂ ਇਕ ਕਾਨਟ੍ਰੈਕਟਰ ਕਰੋ। ਹਵਾਲੇ ਲਉ ਵਾਰੰਟੀਆਂ ਅਤੇ ਗਾਰੰਟੀਆਂ ਧਿਆਨ ਨਾਲ ਚੈੱਕ ਕਰੋ। ਕਾਨਟ੍ਰੈਕਟਰ ਦੀ ਸਾਖ਼ ਅਤੇ ਉਸਨੂੰ ਇਹ ਕੰਮ ਕਰਦਿਆਂ ਕਿੰਨਾ ਸਮਾਂ ਹੋ ਗਿਆ ਹੈ, ਇਹ ਸਭ ਅਹਿਮ ਗੱਲਾਂ ਹਨ।
3. ਇਹ ਪੱਕਾ ਕਰੋ ਕਿ ਤੁਹਾਨੂੰ ਠੀਕ ਠੀਕ ਪਤਾ ਹੋਵੇ ਕਿ ਤੁਸੀਂ ਕੀ ਚਾਹੁੰਦੇ ਹੋ। ਕਿਸੇ ਪ੍ਰਾਜੈਕਟ ਦੇ ਅੱਧ ਵਿਚਾਲੇ ਵਿਓਂਤ ਬਦਲਣ ਨਾਲ ਖ਼ਰਚਾ ਵਧ ਸਕਦਾ ਹੈ।
4. ਘਰ ਨੂੰ ਨਵਾਂ ਰੂਪ ਦੇਣ ਨਾਲ ਆਪਣੇ ਆਪ ਹੀ ਤੁਹਾਡੇ ਘਰ ਦੀ ਕੀਮਤ ਨਹੀਂ ਵਧ ਜਾਂਦੀ। ਦੂਜਿਆਂ ਦੀਆਂ ਗੱਲਾਂ ਵਿੱਚ ਆ ਕੇ ਬੇਲੋੜਾ ਨਵੀਨੀਕਰਨ ਨਾਂਹ ਕਰੋ।
5. ਤਿੰਨ ਚਾਰ ਕਾਨਟ੍ਰੈਕਟਰਾਂ ਕੋਲੋਂ ਲਿਖਤੀ ਰੂਪ ਵਿੱਚ ਅਤੇ ਵੇਰਵੇ ਸਹਿਤ ਅਨੁਮਾਨ ਲਉ, ਅਤੇ ਉਸ ਕਾਨਟ੍ਰੈਕਟਰ ਤੋਂ ਦੂਰ ਰਹੋ, ਜੋ ਤੁਹਾਡੇ ਘਰ ਦਾ ਮੁਆਇਨਾ ਕਰਨ ਤੋਂ ਪਹਿਲਾਂ ਹੀ ਇਕਸਾਰੇ ਰੇਟ ਦਸਦਾ ਹੈ। ਇਕ ਪੱਕਾ ਪਤਾ ਕਰੋ ਕਿ ਖ਼ਰਚੇ ਵਿੱਚ ਸਮੱਗਰੀ ਅਤੇ ਮਜ਼ਦੂਰੀ ਦਾ ਖ਼ਰਚਾ ਸ਼ਾਮਲ ਹੈ।
6. ਦਬਾਅ ਹੇਠ ਆ ਕੇ ਇਸ ਖ਼ਿਆਲ ਨਾਲ ਕਿਸੇ ਇਕਰਾਰਨਾਮੇ 'ਤੇ ਉਸੇ ਵੇਲੇ ਦਸਤਖ਼ਤ ਨਾਂਹ ਕਰੋ, ਕਿ ਘਰ ਘਰ ਜਾ ਕੇ ਪੇਸ਼ ਕੀਤੀ ਜਾਂਦੀ ਵਿਸ਼ੇਸ਼ ਰਿਆਇਤ ਦਾ ਤੁਸੀਂ ਫ਼ਾਇਦਾ ਉਠਾ ਸਕੋ।
7. ਅਦਾਇਗੀਆਂ ਘੱਟ ਤੋਂ ਘੱਟ ਕਰੋ – ਕੁਲ ਅਨੁਮਾਨ ਦੇ 10 ਫ਼ੀਸਦੀ ਦੇ ਬਰਾਬਰ ਅਦਾਇਗੀ ਕਰਨਾ ਵਾਜਬ ਹੈ, ਅਤੇ ਪੂਰੀ ਰਕਮ ਕਦੀ ਵੀ ਉਦੋਂ ਤਕ ਅਦਾ ਨਾਂਹ ਕਰੋ ਜਦ ਤਕ ਕੰਮ ਮੁਕੰਮਲ ਨਹੀਂ ਹੋ ਜਾਂਦਾ!
8. ਇਹ ਯਕੀਨੀ ਬਣਾਉ ਕਿ ਤੁਸੀਂ ਹਰ ਜਿਸ ਗਲ ਲਈ ਸਹਿਮਤ ਹੁੰਦੇ ਹੋ, ਉਸ ਨੂੰ ਲਿਖਤੀ ਰੂਪ ਦਿੱਤਾ ਜਾਏ – ਲਾਗਤ, ਕੰਮ ਸ਼ੁਰੂ ਕਰਨ ਅਤੇ ਖ਼ਤਮ ਕਰਨ ਦੀਆਂ ਤਾਰੀਖ਼ਾਂ ਅਤੇ ਸਫ਼ਾਈ ਲਈ ਕੌਣ ਜ਼ਿਮੇਵਾਰ ਹੈ।
9. ਜੇ ਇਸ ਕੰਮ 'ਤੇ ਵਡੀ ਰਕਮ ਖ਼ਰਚ ਹੋਣੀ ਹੋਵੇ ਤਾਂ ਹੋ ਸਕਦਾ ਹੈ ਕਿ ਤੁਸੀਂ ਇਕਰਾਰਨਾਮੇ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਇਸਨੂੰ ਕਿਸੇ ਵਕੀਲ ਜਾਂ ਆਪਣੇ ਕਿਸੇ ਮਿੱਤਰ ਨੂੰ ਵਿਖਾਉਣਾ ਚਾਹੋ, ਤਾਂ ਜੋ ਉਹ ਤੁਹਾਨੂੰ ਇਕਰਾਰਨਾਮਾ ਸਪੱਸ਼ਟ ਕਰਕੇ ਸਮਝਾ ਸਕੇ।
10. ਇਸ ਬਾਰੇ ਝਗੜਾ ਹੋਣ ਦੀ ਹਾਲਤ ਵਿੱਚ ਕਿ ਕੀ ਤੁਹਾਡੇ ਵੱਲੋਂ ਕਾਨਟ੍ਰੈਕਟਰ ਨੂੰ ਰਕਮ ਦੇਣੀ ਬਣਦੀ ਹੈ, ਕਾਨਟ੍ਰੈਕਟਰ ਤੁਹਾਡੇ ਘਰ ਵਿਰੁੱਧ ਉਸਾਰੀ ਲੀਅਨ ਰਜਿਸਟਰ ਕਰਵਾ ਸਕਦਾ ਹੈ।

**ਹੇਠ ਲਿਖੇ ਮੁੱਦਿਆਂ ਬਾਰੇ ਖਪਤਕਾਰਾਂ ਦੇ ਬਚਾਅ ਲਈ ਵਧੀਕ ਸਲਾਹ ਵੈੱਬਸਾਈਟ www.cbs.gov.on.ca 'ਤੇ ਉਪਲਬਧ ਹੈ:**

- ਖਪਤਕਾਰਾਂ ਵਜੋਂ ਤੁਹਾਡੇ ਹੱਕ
- ਸਾਮਾਨ ਦੀ ਖ਼ਰੀਦ
- ਘਰ ਆਉਣ ਵਾਲੇ ਵਿਕ੍ਰੇਤਾਵਾਂ ਤੋਂ ਖਰੀਦ
- ਮੈਂਬਰਸ਼ਿੱਪ ਅਤੇ ਸੇਵਾਵਾਂ
- ਮੋਟਰ ਗੱਡੀਆਂ
- ਨਿੱਜੀ ਵਿੱਤ (ਫ਼ਾਇਨੈਂਸਿਜ਼)
- ਸ਼ਿਕਾਇਤ ਕਰਨੀ
- ਸ਼ਨਾਖ਼ਤ ਦੀ ਚੋਰੀ

ਮੰਤਰਾਲੇ ਸੰਬੰਧੀ ਆਮ ਸੂਚਨਾ ਲਈ ਵੇਖੋ ਵੈੱਬਸਾਈਟ **www.mgs.gov.on.ca,** ਜਾਂ ਇਸ ਨੰਬਰ 'ਤੇ ਫ਼ੋਨ ਕਰੋ **(416) 326-8555** ਜਾਂ ਕਰ-ਮੁਕਤ ਨੰਬਰ **1-800-268-1142** (ਓਂਟਾਰੀਓ ਵਿੱਚ)
ਸਿਰਫ਼ TTY/ਟੈਲੀਟਾਈਪਰਾਈਟਰ ਵਰਤਣ ਵਾਲਿਆਂ ਲਈ: **(416) 325-3408** ਜਾਂ ਕਰ-ਮੁਕਤ ਹੈ **1-800-268-7095**

ਕਿਰਪਾ ਕਰਕੇ ਆਪਣੀਆਂ ਟਿੱਪਣੀਆਂ, ਫ਼ੀਡਬੈਕ ਅਤੇ ਪੁੱਛਾਂ ਇੱਥੇ ਭੇਜੋ: **cbsinfo@cbs.gov.on.ca**

© Queen's Printer for Ontario 2005

ISBN 0-7794-8419-3



**03a**

**ਘਰਾਂ ਨੂੰ ਨਵਾਂ ਰੂਪ ਦੇਣਾ**



# ਤੁਹਾਨੂੰ ਘਰਾਂ ਨੂੰ ਨਵਾਂ ਰੂਪ ਦੇਣ ਬਾਰੇ ਕੀ ਕੁਝ ਜਾਣਨ ਦੀ ਜ਼ਰੂਰਤ ਹੈ

Ontario

# ਹੁਸ਼ਿਆਰ ਖਪਤਕਾਰ ਬਿਜ਼ਨਸ ਲਈ ਚੰਗੇ ਹੁੰਦੇ ਹਨ

**ਓਂਟਾਰੀਓ ਖਪਤਕਾਰਾਂ ਦੀ ਸੁਰੱਖਿਆ ਵਿੱਚ ਮੋਹਰੀ ਹੈ ਅਤੇ ਇਸਨੇ ਖਪਤਕਾਰਾਂ ਅਤੇ ਕਾਰੋਬਾਰਾਂ (ਬਿਜ਼ਨਸ) ਲਈ ਸਪੱਸ਼ਟ ਨਿਯਮ ਬਣਾਏ ਹੋਏ ਹਨ। ਆਪਣੇ ਅਧਿਕਾਰ ਜਾਣੋ - ਮਾਰਕਿਟ ਵਿੱਚ ਹੁਸ਼ਿਆਰੀ ਤੋਂ ਕੰਮ ਲਉ ਅਤੇ ਆਪਣੇ ਆਪਨੂੰ ਸੁਰੱਖਿਅਤ ਰੱਖੋ।**

## ਘਰਾਂ ਨੂੰ ਨਵਾਂ ਰੂਪ ਦੇਣਾ

ਘਰਾਂ ਨੂੰ ਨਵਾਂ ਰੂਪ ਦੇਣ ਬਾਰੇ ਸ਼ਿਕਾਇਤਾਂ ਸਰਕਾਰੀ ਸੇਵਾਵਾਂ ਸੰਬੰਧੀ ਮੰਤਰਾਲੇ ਕੋਲ ਦੂਜੇ ਨੰਬਰ 'ਤੇ ਸਭ ਤੋਂ ਆਮ ਸ਼ਿਕਾਇਤਾਂ ਹਨ। ਬਹੁਤੀਆਂ ਸ਼ਿਕਾਇਤਾਂ ਅਧੂਰੇ ਕੰਮ, ਕੰਮ ਦੀ ਕੁਆਲਿਟੀ ਅਤੇ ਵਾਰੰਟੀਆਂ ਨਾਲ ਸੰਬੰਧਤ ਹੁੰਦੀਆਂ ਹਨ। ਜਦੋਂ ਤੁਸੀਂ ਆਪਣੇ ਘਰ ਨੂੰ ਨਵਾਂ ਰੂਪ ਦੇਣ ਲਈ ਇਕ ਇਕਰਾਰਨਾਮਾ ਕਰਦੇ ਹੋ, ਤਾਂ ਕਾਨੂੰਨ ਹੇਠ ਤੁਹਾਡੀ ਹਿਫ਼ਾਜ਼ਤ ਹੁੰਦੀ ਹੈ, ਅਤੇ ਕੁਝ ਇਕ ਇਹਤਿਆਤਾਂ ਨਾਲ ਆਮ ਸ਼ਿਕਾਇਤਾਂ ਤੋਂ ਬਚਿਆ ਜਾ ਸਕਦਾ ਹੈ।

ਤੁਸੀਂ ਜਦੋਂ ਕੋਈ ਇਕਰਾਰਨਾਮਾ ਕਰਦੇ ਹੋ, ਤਾਂ ਕਾਨੂੰਨ ਹੇਠ ਤੁਹਾਡੀ ਹਿਫ਼ਾਜ਼ਤ ਹੁੰਦੀ ਹੈ ਅਤੇ ਕੁਝ ਇਕ ਇਹਤਿਆਤਾਂ ਨਾਲ ਆਮ ਸ਼ਿਕਾਇਤਾਂ ਤੋਂ ਬਚਿਆ ਜਾ ਸਕਦਾ ਹੈ।

### *ਛੇਤੀ ਨਾਲ ਯਾਦ ਰਖਣ ਵਾਲੇ ਗੁਰ:*

- ਨਵਾਂ ਰੂਪ ਦੇਣ ਦੇ ਕੁਝ ਕਿਸਮਾਂ ਦੇ ਕੰਮ ਲਈ ਤੁਹਾਨੂੰ ਬਿਲਡਿੰਗ ਪਰਮਿਟ ਦੀ ਲੋੜ ਹੋ ਸਕਦੀ ਹੈ, ਇਸ ਕਰਕੇ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਆਪਣੇ ਸਿਟੀ ਜਾਂ ਟਾਊਨ ਹਾੱਲ ਤੋਂ ਪਤਾ ਕਰੋ।ਬਿਲਡਿੰਗ ਪਰਮਿਟ ਲੈਣਾ ਤੁਹਾਡੀ ਜ਼ਿਮੇਵਾਰੀ ਹੈ। ਜੇ ਤੁਹਾਡਾ ਕਾਨਟ੍ਰੈਕਟਰ ਕਹਿੰਦਾ ਹੈ ਕਿ ਤੁਹਾਨੂੰ ਪਰਮਿਟ ਲੈਣ ਦੀ ਲੋੜ ਨਹੀਂ, ਤਾਂ ਕੋਈ ਹੋਰ ਕਾਨਟ੍ਰੈਕਟਰ ਕਰੋ।
- ਜੇਕਰ ਤੁਸੀਂ ''ਆਪ-ਹੀ-ਇਹ ਕੰਮ'' ਕਰਨ ਲਈ ਕੁਆਲੀਫ਼ਾਈਡ ਨਹੀਂ ਹੋ, ਤਾਂ ਇਕ ਕਾਨਟ੍ਰੈਕਟਰ ਕਰੋ। ਹਵਾਲੇ ਲਉ ਵਾਰੰਟੀਆਂ ਅਤੇ ਗਾਰੰਟੀਆਂ ਧਿਆਨ ਨਾਲ ਚੈੱਕ ਕਰੋ। ਕਾਨਟ੍ਰੈਕਟਰ ਦੀ ਸਾਖ਼ ਅਤੇ ਉਸਨੂੰ ਇਹ ਕੰਮ ਕਰਦਿਆਂ ਕਿੰਨਾ ਸਮਾਂ ਹੋ ਗਿਆ ਹੈ, ਇਹ ਸਭ ਅਹਿਮ ਗੱਲਾਂ ਹਨ।
- ਇਹ ਪੱਕਾ ਕਰੋ ਕਿ ਤੁਹਾਨੂੰ ਠੀਕ ਠੀਕ ਪਤਾ ਹੋਵੇ ਕਿ ਤੁਸੀਂ ਕੀ ਚਾਹੁੰਦੇ ਹੋ। ਕਿਸੇ ਪ੍ਰਾਜੈਕਟ ਦੇ ਅੱਧ ਵਿਚਾਲੇ ਵਿਓਂਤ ਬਦਲਣ ਨਾਲ ਖ਼ਰਚਾ ਵਧ ਸਕਦਾ ਹੈ।
- ਘਰ ਨੂੰ ਨਵਾਂ ਰੂਪ ਦੇਣ ਨਾਲ ਆਪਣੇ ਆਪ ਹੀ ਤੁਹਾਡੇ ਘਰ ਦੀ ਕੀਮਤ ਨਹੀਂ ਵਧ ਜਾਂਦੀ। ਦੂਜਿਆਂ ਦੀਆਂ ਗੱਲਾਂ ਵਿੱਚ ਆ ਕੇ ਬੇਲੋੜਾ ਨਵੀਨੀਕਰਨ ਨਾਂਹ ਕਰੋ।
- ਤਿੰਨ ਚਾਰ ਕਾਨਟ੍ਰੈਕਟਰਾਂ ਕੋਲੋਂ ਲਿਖਤੀ ਰੂਪ ਵਿੱਚ ਅਤੇ ਵੇਰਵੇ ਸਹਿਤ ਅਨੁਮਾਨ ਲਉ, ਅਤੇ ਉਸ ਕਾਨਟ੍ਰੈਕਟਰ ਤੋਂ ਦੂਰ ਰਹੋ, ਜੋ ਤੁਹਾਡੇ ਘਰ ਦਾ ਮੁਆਇਨਾ ਕਰਨ ਤੋਂ ਪਹਿਲਾਂ ਹੀ ਇਕਸਾਰੇ ਰੇਟ ਦਸਦਾ ਹੈ। ਇਹ ਪੱਕਾ ਪਤਾ ਕਰੋ ਕਿ ਖ਼ਰਚੇ ਵਿੱਚ ਸਮੱਗਰੀ ਅਤੇ ਮਜ਼ਦੂਰੀ ਦਾ ਖ਼ਰਚਾ ਸ਼ਾਮਲ ਹੈ।
- ਦਬਾਅ ਹੇਠ ਆ ਕੇ ਇਸ ਖ਼ਿਆਲ ਨਾਲ ਕਿਸੇ ਇਕਰਾਰਨਾਮੇ 'ਤੇ ਉਸੇ ਵੇਲੇ ਦਸਤਖ਼ਤ ਨਾਂਹ ਕਰੋ, ਕਿ ਘਰ ਜਾ ਕੇ ਪੇਸ਼ ਕੀਤੀ ਜਾਂਦੀ ਵਿਸ਼ੇਸ਼ ਰਿਆਇਤ ਦਾ ਤੁਸੀਂ ਫ਼ਾਇਦਾ ਉਠਾ ਸਕੋ।
- ਅਦਾਇਗੀਆਂ ਘਟ ਤੋਂ ਘਟ ਕਰੋ - ਕੁਲ ਅਨੁਮਾਨ ਦੇ 10 ਫ਼ੀਸਦੀ ਦੇ ਬਰਾਬਰ ਅਦਾਇਗੀ ਕਰਨਾ ਵਾਜਬ ਹੈ, ਅਤੇ ਪੂਰੀ ਰਕਮ ਕਦੀ ਵੀ ਉਦੋਂ ਤਕ ਅਦਾ ਨਾਂਹ ਕਰੋ ਜਦ ਤਕ ਕੰਮ ਮੁਕੰਮਲ ਨਹੀਂ ਹੋ ਜਾਂਦਾ।
- ਇਹ ਯਕੀਨੀ ਬਣਾਉ ਕਿ ਤੁਸੀਂ ਹਰ ਜਿਸ ਗਲ ਲਈ ਸਹਿਮਤ ਹੁੰਦੇ ਹੋ, ਉਸ ਨੂੰ ਲਿਖਤੀ ਰੂਪ ਦਿਤਾ ਜਾਏ - ਲਾਗਤ, ਕੰਮ ਸ਼ੁਰੂ ਕਰਨ ਅਤੇ ਖ਼ਤਮ ਕਰਨ ਦੀਆਂ ਤਾਰੀਖ਼ਾਂ ਅਤੇ ਸਫ਼ਾਈ ਲਈ ਕੌਣ ਜ਼ਿਮੇਵਾਰ ਹੈ।
- ਜੇ ਇਸ ਕੰਮ 'ਤੇ ਵਡੀ ਰਕਮ ਖ਼ਰਚ ਹੋਣੀ ਹੋਵੇ ਤਾਂ ਹੋ ਸਕਦਾ ਹੈ ਕਿ ਤੁਸੀਂ ਇਕਰਾਰਨਾਮੇ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਇਸਨੂੰ ਕਿਸੇ ਵਕੀਲ ਜਾਂ ਆਪਣੇ ਕਿਸੇ ਮਿੱਤਰ ਨੂੰ ਵਿਖਾਉਣਾ ਚਾਹੋ, ਤਾਂ ਜੋ ਉਹ ਤੁਹਾਨੂੰ ਇਕਰਾਰਨਾਮਾ ਸਪੱਸ਼ਟ ਕਰਕੇ ਸਮਝਾ ਸਕੇ।
- ਇਸ ਬਾਰੇ ਝਗੜਾ ਹੋਣ ਦੀ ਹਾਲਤ ਵਿੱਚ ਕਿ ਕੀ ਤੁਹਾਡੇ ਵੱਲੋਂ ਕਾਨਟ੍ਰੈਕਟਰ ਨੂੰ ਰਕਮ ਦੇਣੀ ਬਣਦੀ ਹੈ, ਕਾਨਟ੍ਰੈਕਟਰ ਤੁਹਾਡੇ ਘਰ ਵਿਰੁੱਧ ਉਸਾਰੀ ਲੀਅਨ ਰਜਿਸਟਰ ਕਰਵਾ ਸਕਦਾ ਹੈ।

### *ਤੁਹਾਡੇ ਅਧਿਕਾਰ:*

- ਉਪਭੋਗੀ ਵਜੋਂ ਤੁਹਾਡੇ ਅਧਿਕਾਰ ਕਾਨੂੰਨ ਹੇਠ ਸੁਰੱਖਿਅਤ ਹਨ ਅਤੇ ਕੋਈ ਵੀ ਇਹ ਅਧਿਕਾਰ ਤੁਹਾਡੇ ਕੋਲੋਂ ਨਹੀਂ ਲੈ ਸਕਦਾ।
- ਅੰਤ ਖ਼ਰਚਾ, ਮੁਢਲੇ ਅਨੁਮਾਨ ਨਾਲੋਂ, ਉਸਦੇ 10 ਫ਼ੀਸਦੀ ਤੋਂ ਉੱਪਰ ਨਹੀਂ ਹੋਣਾ ਚਾਹੀਦਾ, ਪਰ ਕਾਨਟ੍ਰੈਕਟਰ ਅਤੇ ਖਪਤਕਾਰ, ਵਧੀਕ ਸਾਮਾਨ ਅਤੇ ਸੇਵਾਵਾਂ ਦੀ ਜ਼ਰੂਰਤ ਹੋਣ ਦੀ ਹਾਲਤ ਵਿੱਚ ਅਨੁਮਾਨ ਵਿੱਚ ਤਬਦੀਲੀ ਲਈ ਸਹਿਮਤ ਹੋ ਸਕਦੇ ਹਨ।

## ਵਧੀਕ ਸੂਚਨਾ ਲਈ ਵੇਖੋ:

ਕੈਨੇਡੀਅਨ ਹੋਮ ਬਿਲਡਰਜ਼ ਐਸੋਸੀਏਸ਼ਨ *ਹਾਇਰਿੰਗ ਏ ਕਾਨਟ੍ਰੈਕਟਰ।* **www.hiringacontractor.com**

## ਕੀ ਤੁਹਾਨੂੰ ਮਦਦ ਚਾਹੀਦੀ ਹੈ?

ਸਰਕਾਰੀ ਸੇਵਾਵਾਂ ਬਾਰੇ ਮੰਤਰਾਲੇ ਕੋਲ ਸ਼ਿਕਾਇਤ ਕਰਨ ਲਈ ਉਸ ਨਾਲ ਸੰਪਰਕ ਕਰਨ ਤੋਂ ਪਹਿਲਾਂ ਕਿਰਪਾ ਕਰਕੇ ਹੇਠ ਲਿਖੇ ਕਦਮ ਚੁੱਕੋ:

1. ਕੰਪਨੀ ਨਾਲ ਸੰਪਰਕ ਕਰਕੇ ਆਪਣੀ ਨਿਸਚਤ ਸ਼ਿਕਾਇਤ ਸਪੱਸ਼ਟ ਕਰਕੇ ਦੱਸੋ।
2. ਸ਼ਿਕਾਇਤ ਲਿਖਤੀ ਰੂਪ ਵਿੱਚ ਕਰੋ ਅਤੇ ਇਸਨੂੰ ਪਹੁੰਚਾਏ ਜਾਣ ਦਾ ਸਬੂਤ ਅਤੇ ਕੰਪਨੀ ਨਾਲ ਕੋਈ ਹੋਰ ਚਿੱਠੀ ਪੱਤਰ ਆਪਣੇ ਕੋਲ ਰਖੋ।
3. ਜੇ ਅਜੇ ਵੀ ਤੁਹਾਡੀ ਤਸੱਲੀ ਨਹੀਂ ਹੁੰਦੀ, ਤਾਂ ਸਾਡੀ ਵੈੱਬਸਾਈਟ **www.mgs.gov.on.ca** 'ਤੇ ਜਾ ਕੇ ਰਸਮੀ ਤੌਰ 'ਤੇ ਸ਼ਿਕਾਇਤ ਕਰੋ ਅਤੇ ਆਨਲਾਈਨ ਸਰਵਿਸਿਜ਼ 'ਤੇ ਜਾਉ।

## ਹੋਰ ਜਾਣਕਾਰੀ ਲਈ

ਇਸ ਬਾਰੇ ਅਤੇ ਉਪਭੋਗੀਆਂ ਦੇ ਹੋਰ ਵਿਸ਼ਿਆਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਰਕਾਰੀ ਸੇਵਾਵਾਂ ਬਾਰੇ ਮੰਤਰਾਲੇ ਦੀ ਵੈੱਬਸਾਈਟ **www.mgs.gov.on.ca** ਵੇਖੋ ਜਾਂ ਇਸ ਨੰਬਰ 'ਤੇ ਫ਼ੋਨ ਕਰੋ (416) 326-8555, ਜਾਂ ਕਰ-ਮੁਕਤ ਨੰਬਰ 1-800-268-1142 । TTY ਹੈ (416) 325-3408 ਜਾਂ ਕਰ-ਮੁਕਤ ਨੰਬਰ ਹੈ 1-800-268-7095 ।